# ਇਸਲਾਮ ਅਤੇ ਸੂਫ਼ੀਵਾਦ

## (ੳ) ਇਸਲਾਮ ਦੀ ਸਥਾਪਨਾ : ਇਤਿਹਾਸਕ ਪਰਿਪੇਖ

ਇਸਲਾਮ ਧਰਮ ਦੀ ਸਥਾਪਨਾ ਅਰਬ ਦੇਸ਼ ਵਿੱਚ ਹੋਈ। ਇਹ ਏਸ਼ੀਆ ਮਹਾਂਦੀਪ ਦੇ ਦੱਖਣ-ਪੱਛਮ ਵੱਲ ਸਥਿਤ ਅਜਿਹਾ ਦੇਸ਼ ਹੈ ਜੋ ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਹੈ ਅਤੇ ਇੱਕ ਪਾਸਿਓਂ ਖੁਸ਼ਕ ਹੈ। ਇਸਲਾਮ ਦੀ ਸਥਾਪਨਾ ਤੋਂ ਪਹਿਲਾਂ ਇੱਥੋਂ ਦੇ ਲੋਕ ਬੜੇ ਅੰਧ-ਵਿਸ਼ਵਾਸੀ ਅਤੇ ਕਰਮ-ਕਾਂਡਾਂ ਵਿੱਚ ਵਿਸ਼ਵਾਸ ਰੱਖਦੇ ਸਨ। ਮੱਕੇ ਸ਼ਹਿਰ ਦੇ ਵਿੱਚ ਕਾਅਬਾ ਦੇ ਸਥਾਨ ਤੇ 369 ਦੇਵੀ ਦੇਵਤਿਆਂ ਦੀ ਮੂਰਤੀਆਂ ਲੱਗੀਆਂ ਹੋਈਆਂ ਸਨ। ਲੋਕ ਕਿਸੇ ਵੀ ਕਿਸਮ ਦਾ ਸੰਕਟ ਆਉਣ ਵੇਲੇ ਇਹਨਾਂ ਮੂਰਤੀਆਂ ਅੱਗੇ ਡੰਡੌਤ ਕਰਨ ਲੱਗ ਪੈਂਦੇ ਸਨ। ਅਰਬ ਲੋਕਾਂ ਵਿੱਚ ਕਿਸੇ ਉਸ ਵੇਲੇ ਵੀ ਪੇਂਡੂ ਅਤੇ ਸ਼ਹਿਰੀ ਆਬਾਦੀ ਸੀ। ਪੇਂਡੂ ਅਰਬ ਲੋਕ ਅੰਧ-ਵਿਸ਼ਵਾਸੀ ਅਤੇ ਪਛੜੀ ਮਾਨਸਿਕਤਾ ਦੇ ਸ਼ਿਕਾਰ ਗਰੀਬ ਲੋਕ ਸਨ। ਪਰ ਸ਼ਹਿਰੀ ਅਰਬ ਵਪਾਰੀ ਆਰਥਿਕ ਤੌਰ 'ਤੇ ਖੁਸ਼ਹਾਲ ਅਤੇ ਐਸ਼-ਪ੍ਰਸਤ ਸੀ। ਪਰ "6ਵੀਂ ਸਦੀ ਈ: ਦੇ ਅਰਬ ਵਿੱਚ ਬੁੱਤ ਪੂਜਾ ਜ਼ੋਰਾਂ ਤੇ ਸੀ ਕੋਈ ਜਿੰਨਾਂ ਨੂੰ ਪੂਜਦਾ ਸੀ ਅਤੇ ਕੋਈ ਬੁੱਤਾਂ ਨੂੰ। ਵਿਭਚਾਰ ਸੀ, ਕਾਮ ਦੀ ਪ੍ਰਧਾਨਤਾ ਸੀ, ਸ਼ਰਾਬਖ਼ੋਰੀ ਸੀ, ਵੇਸ਼ਵਾਵਾਂ ਦੇ ਚਕਲੇ ਚਲਦੇ ਸਨ ਅਤੇ ਨਾਰੀ ਦੀ ਦਸ਼ਾ ਸਭ ਤੋਂ ਮਾੜੀ ਸੀ। ਅਰਬ ਸਮਾਜ ਕਬੀਲਿਆਂ ਵਿੱਚ ਵੰਡਿਆ ਹੋਇਆ ਸੀ। ਇਹਨਾਂ ਕਬੀਲਿਆਂ ਦੀ ਆਪਸੀ ਨਫ਼ਰਤ, ਲੜਨ ਮਰਨ ਦੀ ਬਿਰਤੀ ਅਤੇ ਜੰਮਦੀਆਂ ਕੁੜੀਆਂ ਨੂੰ ਧਰਤੀ ਵਿੱਚ ਦਫ਼ਨਾਉਣ ਕਾਰਨ ਅਰਬ ਦਾ ਇਹ ਜੀਵਨ ਤ੍ਰਿਸਕਾਰਿਤ ਭਾਂਤ ਦਾ ਸੀ।" ਅਰਬ ਵਿੱਚ ਉਸ ਸਮੇਂ ਦੋ ਪ੍ਰਮੁੱਖ ਕਬੀਲੇ ਸਨ। ਇੱਕ ਕਬੀਲਾ ਕੁਰੈਸ਼ੀ ਸੀ ਜਿਸ ਦੀ ਕਾਫ਼ੀ ਚੜ੍ਹਤ ਸੀ। ਦੂਸਰਾ ਕਬੀਲਾ ਹਾਸ਼ਮੀ ਸੀ। ਹਜ਼ਰਤ ਮੁਹੰਮਦ ਨੇ ਇਸੇ ਕਬੀਲੇ ਵਿੱਚ ਅਮੀਨਾ ਦੇ ਕੁੱਖੋਂ 20 ਅਪ੍ਰੈਲ 571 ਈ. ਨੂੰ ਜਨਮ ਲਿਆ। ਉਸ

ਦੇ ਪਿਤਾ ਅਬਦੁੱਲਾ ਹਾਸ਼ਮੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਹਜ਼ਰਤ ਸਾਹਿਬ ਦੇ ਦਾਦੇ ਅਬਦੁਲਮੁਤਲਬ ਨੇ ਉਸ ਨੂੰ ਪਾਲਣ ਦੀ ਜ਼ਿੰਮੇਵਾਰੀ ਉਸ ਦੇ ਚਾਚੇ ਅਬੂ ਤਾਲਿਬ ਦੀ ਲਗਾ ਦਿੱਤੀ। 25 ਵਰ੍ਹਿਆਂ ਦੀ ਉਮਰ ਵਿੱਚ ਹਜ਼ਰਤ ਮੁਹੰਮਦ ਦਾ ਵਿਆਹ 40 ਸਾਲਾ ਵਿਧਵਾ ਖਦੀਜਾ ਨਾਲ ਹੋਇਆ।

ਹਜ਼ਰਤ ਮੁਹੰਮਦ ਰੂਹਾਨੀ ਬਿਰਤੀਆਂ ਦੇ ਮਾਲਕ ਸਨ। ਅੱਲ੍ਹਾ ਨੇ ਉਸ ਨੂੰ ਆਪਣੀ ਵਿਚਾਰਧਾਰਾ ਦੀ ਪੈਗ਼ੰਬਰੀ ਲਈ ਚੁਣ ਲਿਆ। ਇਸ ਤੋਂ ਬਾਅਦ ਹਜ਼ਰਤ ਮੁਹੰਮਦ ਨੂੰ ਰੱਬੀ ਕਲਾਮ ਉਤਰਦਾ ਗਿਆ ਤੇ ਉਹਨਾਂ ਨੇ ਉਸੇ ਅਨੁਸਾਰ ਅਰਬ ਦੇ ਲੋਕਾਂ ਨੂੰ ਅੱਲ੍ਹਾ ਬਾਰੇ ਸੋਝੀ ਦੇਣੀ ਸ਼ੁਰੂ ਕੀਤੀ ਤੇ ਦੇਵੀ ਦੇਵਤਿਆਂ ਦੀ ਵਿਰੋਧਤਾ ਕੀਤੀ। ਉਸ ਦੀ ਮਕਬੂਲੀਅਤ ਵੇਖ ਕੇ ਕੁਰੈਸ਼ੀ ਕਬੀਲੇ ਦੇ ਲੋਕਾਂ ਨੇ ਜ਼ੋਰ ਤੇ ਜਬਰ ਨਾਲ ਉਸ ਨੂੰ ਮੱਕਾ ਵਿੱਚੋਂ ਬਾਹਰ ਕੱਢ ਦਿੱਤਾ। 15 ਜੁਲਾਈ 622 ਨੂੰ ਹਜ਼ਰਤ ਮੁਹੰਮਦ ਆਪਣੀ ਪਤਨੀ, ਦਾਸ, ਜ਼ੈਦ, ਚਾਚੇ ਦੇ ਪੁੱਤਰ ਹਜ਼ਰਤ ਅਲੀ ਅਤੇ ਅਬੂ ਬਕਰ ਵਰਗੇ ਜਾਂ ਬੇਲੀਆਂ ਨਾਲ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਆ ਗਏ। ਮਦੀਨੇ ਉਹਨਾਂ ਨੇ ਇਕ ਮਸਜਿਦ ਬਣਵਾ ਕੇ ਨਮਾਜ਼ ਦੀ ਪੂਜਾ ਸ਼ੁਰੂ ਕੀਤੀ। ਇੱਥੋਂ ਦੇ ਮੂਲ ਵਾਸੀ ਉਹਨਾਂ ਦਾ ਸਾਥ ਦਿੰਦੇ ਰਹੇ ਇਹੋ ਲੋਕ ਮੁੱਢਲੇ ਸੂਫ਼ੀ ਬਣੇ। ਡਾ. ਗੁਰਦੇਵ ਸਿੰਘ ਅਨੁਸਾਰ, "ਇਹ ਉਹ ਲੋਕ ਸਨ ਜੋ ਖਾਨਾਬਦੋਸ਼ ਸਨ, ਬੇਘਰੇ ਸਨ ਅਤੇ ਵਿਰਕਤ ਫ਼ਕੀਰ ਸਨ। ਇਹ ਦੁਨੀਆ ਨਾਲੋਂ ਤਾਅੱਲੁਕ (ਸੰਬੰਧ) ਤੋੜ ਚੁੱਕੇ ਸਨ ਅਤੇ ਹਜ਼ਰਤ ਮੁਹੰਮਦ ਦੇ ਸੰਗੀ ਸੀ। ਉਹਨਾਂ ਨਾਲ ਮਸੀਤ ਦੇ ਇਕ ਕੋਨੇ ਵਿੱਚ ਰਹਿੰਦੇ ਸਨ।[3] ਇਹ ਹਜ਼ਰਤ ਮੁਹੰਮਦ ਦੇ ਬਚਨ ਸੁਣਦੇ ਸਨ। ਉਹ ਜਿਹੋ ਜਿਹੇ ਧਰਮ ਦੀ ਸਥਾਪਨਾ ਕਰਨਾ ਚਾਹੁੰਦੇ ਸਨ, ਉਸ ਦੀ ਅੰਤਰ ਆਤਮਾ ਤੋਂ ਵਾਕਫ਼ ਸਨ।[4]

ਆਪਣੇ ਹਿਮਾਇਤੀਆਂ ਦੀ ਫ਼ੌਜ ਬਣਾ ਕੇ ਹਜ਼ਰਤ ਮੁਹੰਮਦ ਨੇ 8 ਹਿਜਰੀ ਨੂੰ ਮੱਕੇ ਨੂੰ ਕੁਰੈਸ਼ੀਆਂ ਤੋਂ ਜਿੱਤ ਕੇ ਕਾਅਬੇ ਉੱਤੇ ਕਬਜ਼ਾ ਕਰ ਲਿਆ ਅਤੇ ਕਾਅਬੇ ਵਿੱਚ 369 ਬੁੱਤਾਂ ਨੂੰ ਬਾਹਰ ਕਰਕੇ

ਇੱਥੇ ਇਸਲਾਮੀ ਸਰਕਾਰ ਸਥਾਪਿਤ ਕੀਤੀ। 632 ਈ. ਨੂੰ ਹਜ਼ਰਤ ਸਾਹਿਬ ਦੀ ਮੌਤ ਹੋ ਗਈ ਅਤੇ ਉਹਨਾਂ ਦੀ ਸਥਾਪਿਤ ਕੀਤੀ ਸਰਕਾਰ ਨੂੰ ਉਹਨਾਂ ਦੇ ਤਿੰਨ ਜਾਗਾਂ ਤੇ ਇੱਕ ਬੱਚੇ ਦੇ ਮੋੜੇ ਨੇ ਅੱਗੇ ਚਲਾਇਆ। ਇਹਨਾਂ ਨੂੰ ਖਲੀਫ਼ੇ (ਸਾਸਕ) ਕਿਹਾ ਜਾਂਦਾ ਹੈ। ਹਜ਼ਰਤ ਅਬੂ ਬਕਰ ਨੇ 632-633 ਈ. ਤੱਕ ਰਾਜ ਕੀਤਾ ਤੇ ਉਸ ਦੇ ਸਾਸਨ ਕਾਲ ਵਿੱਚ ਇਰਾਕ ਤੇ ਸਾਮ ਉੱਤੇ ਕਬਜ਼ਾ ਕਰਕੇ ਇੱਥੇ ਇਸਲਾਮ ਦਾ ਪ੍ਰਚਾਰ ਕੀਤਾ ਗਿਆ। ਦੂਸਰੇ ਸ਼ਾਸਕ **ਹਜ਼ਰਤ ਉਮਰ** ਨੇ (634-645 ਈ.) ਦੌਰਾਨ ਕੁਰਾਨ ਸ਼ਰੀਫ਼ ਦੀ ਸੰਪਾਦਨਾ ਕੀਤੀ ਗਈ। ਇਸ ਨੂੰ (ਭਾਈ ਗੁਰਦਾਸ ਵਾਂਗ) ਜ਼ੈਦ ਬਿਨ ਸਾਬਿਤ ਤੋਂ ਲਿਖਵਾਇਆਂ ਗਿਆ ਜੋ ਕਿ ਹਜ਼ਰਤ ਮੁਹੰਮਦ ਵੇਲੇ ਦਾ ਬਜ਼ੁਰਗ ਸੀ। ਵਿਰੋਧੀਆਂ ਦੇ ਖ਼ਤਰੇ ਤੋਂ ਡਰਦਿਆਂ ਇਸ ਦੀਆਂ ਕਈ ਨਕਲਾਂ ਮੱਕੇ, ਸਾਮ, ਜਮਨ, ਬਹਿਰੀਨ, ਬਸਰੇ ਤੇ ਕੂਫ਼ੇ ਭੇਜੀਆਂ ਗਈਆਂ। ਹਜ਼ਰਤ ਉਮਰ ਦੇ ਸ਼ਾਸਨ ਵਿੱਚ ਈਰਾਨ ਤੇ ਕਬਜ਼ਾ ਕਰਕੇ ਇੱਥੇ ਵੀ ਇਸਲਾਮ ਦੇ ਪ੍ਰਚਾਰ ਕੇਂਦਰ ਖੋਲ੍ਹੇ ਗਏ। **ਹਜ਼ਰਤ ਉਸਮਾਨ** ਦੇ ਸ਼ਾਸਨ ਕਾਲ (645-655 ਈ.) ਦੌਰਾਨ ਈਰਾਨ ਤੇ ਕਬਜ਼ਾ **ਅਲੀ** ਦੇ ਵਿਰੋਧੀ ਅਮੀਰ ਮੁਆਵੀਆ ਵੱਲੋਂ ਉਸ ਵਿਰੁੱਧ ਬਾਗ਼ੀ ਫਿਰਕਾ ਖੜ੍ਹਾ ਕਰ ਦਿੱਤਾ ਗਿਆ। ਅਲੀ ਦੀ ਮੌਤ ਪਿੱਛੋਂ ਉਸ ਦਾ ਪੁੱਤਰ **ਇਮਾਮ ਹੁਸੈਨ** ਰਾਜਗੱਦੀ ਤੇ ਬੈਠਾ। ਪਰ ਉਹ ਸਾਂਤੀ-ਪ੍ਰਿਯ ਸੀ। ਇਸ ਲਈ ਵਿਰੋਧੀਆਂ ਵੱਲੋਂ ਉਸ ਨੂੰ ਕਰਬਲਾ ਦੇ ਜੰਗ ਵਿੱਚ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਇਸ ਜੰਗ ਨੂੰ ਫ਼ਾਰਸੀ ਵਿੱਚ ਮਰਸੀਆ ਕਾਵਿ ਰੂਪ ਤੇ ਪੰਜਾਬੀ ਦੇ ਜੰਗਨਾਮਿਆਂ ਵਿੱਚ ਪੇਸ਼ ਕੀਤਾ ਗਿਆ ਹੈ। ਇਮਾਮ ਹੁਸੈਨ ਦੀ ਸ਼ਹੀਦੀ ਤੋਂ ਬਾਅਦ ਈਰਾਨ ਦੇ ਪ੍ਰਸਿੱਧ ਪ੍ਰਚਾਰ ਕੇਂਦਰ ਦੇ ਪ੍ਰਚਾਰਕ ਅਬੂ ਮੁਸਲਿਮ ਨੇ ਇਸ ਹਕੂਮਤ ਨੂੰ ਢਾਹ ਲਾਈ ਸਿੱਟੇ ਵਜੋਂ ਹਜ਼ਰਤ ਮੁਹੰਮਦ ਦੇ ਨਵੀਨ ਪੀੜ੍ਹੀਆਂ ਨੇ 500 ਸਾਲ ਰਾਜ ਕੀਤਾ। ਇਸ ਦੌਰਾਨ ਖੁਰਾਸਾਨ, ਅਰਬ, ਈਰਾਨ, ਈਰਾਕ ਵਿੱਚ ਇਸਲਾਮ ਦਾ ਪ੍ਰਚਾਰ ਵੀ ਹੋਇਆ ਅਤੇ ਇਸ ਲਈ ਸੂਫ਼ੀ ਭਾਵਨਾ ਨਸ਼ਟ ਵੀ ਹੋਈ। ਜਿਸ ਦੀ ਵਿਰੋਧਤਾ

ਕਰਨੀ ਪਈ। ਦਰਅਸਲ ਇਸਲਾਮ ਦੇ ਰਾਖੇ ਬਣੇ ਮੁੱਲਾਂਏ, ਕਾਜ਼ੀ, ਆਲਮ ਫ਼ਾਜ਼ਲ, ਫ਼ਕੀਰ ਸਮਾਜ ਦੀ ਰਾਜਾ ਸ਼ਾਹੀ ਅਤੇ ਪੀਰੀ ਸ਼ਾਹੀ ਦੇ ਹਿੱਤਾਂ ਅਨੁਸਾਰ ਇਸਲਾਮ ਦੀ ਵਿਆਖਿਆ ਕਰਨ ਲੱਗ ਪਏ। ਸਮੁੱਚੇ ਵਿਸ਼ਵ ਵਿੱਚ ਸੂਫ਼ੀ ਤਿੰਨ ਤਰ੍ਹਾਂ ਦੇ ਹਨ। ਪਹਿਲੇ ਉਹ ਜੋ ਕੁਰਾਨ ਅਤੇ ਹਦੀਸਾਂ ਦਾ ਅਨੁਸਰਨ ਕਰਦੇ ਹਨ। ਦੂਸਰੇ ਉਹ ਜਿਨ੍ਹਾਂ ਨੇ ਦੂਸਰੀਆਂ ਧਰਮ ਦ੍ਰਿਸ਼ਟੀਆਂ ਦੇ ਪ੍ਰਭਾਵ ਅਧੀਨ ਇਸਲਾਮੀ ਕੱਟੜ-ਸੋਚ ਨੂੰ ਨਕਾਰਿਆ ਹੈ। ਤੀਸਰੇ ਉਹ ਜੋ ਇਹਨਾਂ ਦੋਹਾਂ ਦਾ ਸੁਮੇਲ ਹਨ। ਇਹਨਾਂ ਨੂੰ ਇਸਲਾਮ ਤੇ ਸੂਫ਼ੀ ਮਤ ਦੋਵਾਂ ਦੀ ਹਿਮਾਇਤ ਪ੍ਰਾਪਤ ਸੀ।

## (ਅ) ਇਸਲਾਮ : ਸਿਧਾਂਤਕ ਪਰਿਪੇਖ

'ਇਸਲਾਮ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ- ਆਗਿਆ ਦਾ ਪਾਲਣ। ਇਸ ਧਰਮ ਦਾ ਨਾਮ 'ਇਸਲਾਮ' ਇਸ ਲਈ ਰੱਖਿਆ ਗਿਆ। ਕਿਉਂਕਿ ਇਹ ਪਰਮਾਤਮਾ (ਅੱਲਾਹ) ਦੀ ਆਗਿਆ ਦੇ ਪਾਲਣ ਉੱਤੇ ਜ਼ੋਰ ਦਿੰਦੇ ਹੈ। ਅੱਲਾਹ ਦਾ ਹੁਕਮ ਜਾਂ ਇੱਡਾ ਫ਼ਰਿਸ਼ਤਿਆਂ ਰਾਹੀਂ ਹਜ਼ਰਤ ਮੁਹੰਮਦ ਤੱਕ ਪਹੁੰਚੀ ਅਤੇ ਹਜ਼ਰਤ ਮੁਹੰਮਦ ਰਾਹੀਂ ਲੋਕਾਈ ਤੱਕ। ਹਜ਼ਰਤ ਮੁਹੰਮਦ ਸਾਹਿਬ ਦੇ ਕਥਨਾਂ ਨੂੰ ਬਾਅਦ ਵਿੱਚ ਕੁਰਾਨ ਸ਼ਰੀਫ਼ ਵਿੱਚ ਸੰਪਾਦਿਤ ਕੀਤਾ ਗਿਆ। ਇਉਂ **ਅੱਲਾਹ, ਹਜ਼ਰਤ ਮੁਹੰਮਦ** ਅਤੇ **ਕੁਰਾਨ ਸ਼ਰੀਫ਼** ਇਸਲਾਮ ਦੇ ਬੁਨਿਆਦੀ ਤੱਤ ਹਨ। ਇਹਨਾਂ ਤਿੰਨਾਂ ਨੂੰ ਅਧਾਰ ਬਣਾ ਕੇ ਇਸਲਾਮ ਧਰਮ ਦੀ ਰਹਿਤ ਮਰਿਆਦਾ ਬਣਾਈ ਗਈ ਹੈ, ਜਿਸ ਨੂੰ ਸਮੂਹਿਕ ਰੂਪ ਵਿੱਚ ਸ਼ਰੀਅਤ (ਸ਼ਰ੍ਹਾ) ਕਿਹਾ ਜਾਂਦਾ ਹੈ।

(ੳ) ਕਲਮਾ:- ਕਲਮਾ ਇੱਕ ਵਾਕ ਹੈ। ਇਹ ਵਾਕ ਇਹ ਹੈ- ਲਾ ਇਲਾਹ, ਇਲ-ਇਲਾਹ, ਮੁਹੰਮਦ ਰਸੂਲ ਅੱਲਾਹ। ਅਰਥਾਤ ਅੱਲਾਹ ਤੋਂ ਬਿਨਾਂ ਕੋਈ ਹੋਰ ਸਰਵ ਸ੍ਰੇਸ਼ਠ ਸ਼ਕਤੀ ਨਹੀ ਹੈ ਅਤੇ ਮੁਹੰਮਦ ਅੱਲਾਹ ਦਾ ਸੰਦੇਸ਼-ਵਾਹਕ ਹੈ।

(ਅ) ਨਮਾਜ਼:- ਇਹ ਪੰਜ ਵਕਤ (ਸੂਹ ਸਵੇਰੇ, ਦੁਪਹਿਰ, ਬਾਅਦ ਦੁਪਹਿਰ ਸੂਰਜ ਡੁੱਬਣ ਦੇ ਸਮੇਂ ਅਤੇ ਰਾਤ) ਪੜ੍ਹੀ ਜਾਂਦੀ ਹੈ।

ਮੁੱਲਾਂ ਮਸਜਿਦ ਵਿੱਚੋਂ ਬਾਂਗ ਦਿੰਦਾ ਹੈ ਅਤੇ ਸਾਰੇ ਮੁਸਲਮਾਨ ਹੱਥ ਮੂੰਹ ਧੋ (ਵੁਜ਼ੂ) ਕਰਕੇ ਨਮਾਜ਼ ਪੜ੍ਹਦੇ ਹਨ।

(ੲ) **ਰੋਜ਼ਾ** :- ਰੋਜ਼ਾ ਦਾ ਅਰਥ ਹੈ- ਵਰਤ। ਸਾਰੇ ਮੁਸਲਮਾਨ ਰਮਜ਼ਾਨ ਦੇ ਮਹੀਨੇ ਵਿੱਚ ਧਾਰਮਿਕ ਵਰਤ ਰੱਖਦੇ ਹਨ।

(ਸ) ਜ਼ਕਾਤ :- ਜਿਵੇਂ ਸਿੱਖ ਧਰਮ ਵਿੱਚ ਦਸਵੰਧ ਕੱਢਣ ਦਾ ਹੁਕਮ ਹੈ ਉਸੇ ਤਰ੍ਹਾਂ ਮੁਸਲਮਾਨ ਧਰਮ ਵਿੱਚ ਢਾਈ ਪ੍ਰਤੀਸ਼ਤ ਜ਼ਕਾਤ ਕੱਢਣ ਦਾ ਹੁਕਮ ਹੈ।

(ਹ) ਹੱਜ :- ਹਰੇਕ ਉਹ ਮੁਸਲਮਾਨ ਜੋ ਅਰਬ ਵਿੱਚ ਮੱਕਾ ਵਿਖੇ ਕਾਅਬੇ ਦੀ ਹੱਜ ਕਰ ਸਕਣ ਦਾ ਖ਼ਰਚ ਬਰਦਾਸ਼ਤ ਕਰ ਸਕਦਾ ਹੈ। ਉਹ ਸਾਲ ਵਿੱਚ ਇਕ ਵਾਰ ਹੱਜ ਕਰੇ।

(ਕ) ਰੋਜ਼-ਏ-ਹਸ਼ਰ :- ਇਸਲਾਮ ਹਸ਼ਰ ਦੇ ਦਿਹਾੜੇ ਨੂੰ ਮੰਨਦਾ ਹੈ। ਕਿਆਮਤ ਦੇ ਦਿਨ ਸਾਰੇ ਮੁਰਦੇ ਜਗਾਏ ਜਾਣਗੇ ਤੇ ਉਹਨਾਂ ਦੇ ਕਰਮਾਂ ਦਾ ਹਿਸਾਬ ਕੀਤਾ ਜਾਵੇਗਾ।

(ਖ) **ਜਹਾਦ** :- ਉਹ ਧਰਮ ਯੁੱਧ ਹੈ ਜੋ **ਕਾਫ਼ਰਾਂ ਦੇ** ਵਿਰੁੱਧ ਲੜਿਆ ਜਾਂਦਾ ਹੈ। ਇਸਲਾਮ ਦੀ ਇਸ ਨਿਯਮਾਵਲੀ ਵਿੱਚ ਕੋਈ ਬੁਰਾਈ ਨਹੀਂ ਪਰ ਜਦੋਂ ਮੁੱਫਤੀਆਂ ਤੇ ਕਾਜ਼ੀਆਂ ਨੇ ਸਮਾਜ ਦੀ ਰਾਜਾ-ਸ਼ਾਹੀ ਤੇ ਧਨੀ ਸ਼ਾਹੀ ਦੇ ਹਿੱਤਾਂ ਅਨੁਸਾਰ ਇਸ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਤਾਂ ਸੂਫ਼ੀ ਮਤ ਪੈਦਾ ਹੋਇਆ। ਉਹ ਪ੍ਰਮਾਤਮਾ ਦੀ ਪ੍ਰਾਪਤੀ ਲਈ ਭਗਤੀ ਉੱਤੇ ਜ਼ੋਰ ਦਿੰਦੇ ਹਨ।

## (ੲ) ਸੂਫ਼ੀ ਮਤ : ਇਤਿਹਾਸਕ ਪਰਿਪੇਖ

ਸੂਫ਼ੀ ਮਤ ਇਸਲਾਮ ਵਾਂਗ ਕੋਈ ਵੱਖਰੀ ਧਾਰਮਿਕ ਵਿਚਾਰਧਾਰਾ ਨਹੀਂ, ਨਾ ਹੀ ਸੂਫ਼ੀਆਂ ਦੀ ਕੋਈ ਨਿਸ਼ਚਿਤ ਧਾਰਮਿਕ ਪੁਸਤਕ ਹੈ ਕਿਉਂਕਿ ਇਹ ਨਾ ਤਾਂ ਇਸਲਾਮ ਦੇ ਵਿਰੁੱਧ ਜਾਂ ਇਸਲਾਮ ਤੋਂ ਵੱਖਰਾ ਕੋਈ ਧਰਮ ਹੈ ਅਤੇ ਨਾ ਹੀ ਇਸ ਦਾ ਕੋਈ ਨਿਸ਼ਚਿਤ ਧਾਰਮਿਕ ਆਧਾਰ ਹੈ। ਸੂਫ਼ੀ ਮਤ ਆਪਣੇ ਜਨਮ ਤੋਂ ਲੈ ਕੇ ਆਪਣੇ ਪਤਨ ਤੱਕ ਲੰਮੇ ਇਤਿਹਾਸਕ ਵਿਕਾਸ ਵਿੱਚੋਂ ਲੰਘਿਆ ਹੈ। ਜਿਸ ਕਿਸੇ ਧਰਮ ਜਾਂ ਵਿਚਾਰਧਾਰਾ ਦੇ ਸੰਪਰਕ ਵਿੱਚ ਇਹ ਆਇਆ ਉਸ ਤੋਂ ਪ੍ਰਭਾਵਿਤ ਹੋਇਆ ਹੈ ਇਸ ਕਰਕੇ ਸੂਫ਼ੀ ਮਤ ਵਿੱਚ

ਸਮੇਂ ਅਤੇ ਸਥਾਨ ਅਨੁਸਾਰ ਪਰਿਵਰਤਨ ਆਉਂਦੇ ਰਹੇ ਹਨ। ਪਰ ਫਿਰ ਵੀ ਇਸ ਦੇ ਇਤਿਹਾਸਕ ਵਿਕਾਸ ਨੂੰ ਸੰਖੇਪ ਰੂਪ ਵਿੱਚ ਸਮਝ ਲੈਣਾ ਅਤਿ ਜ਼ਰੂਰੀ ਹੈ।

ਸੂਫ਼ੀ ਮਤ ਦਾ ਜਨਮ ਅਰਬ, ਈਰਾਨ ਤੇ ਈਰਾਕ ਵਿੱਚ ਹੋਇਆ ਹੈ। ਅਰਬ ਵਿੱਚ ਉਹਨਾਂ ਲੋਕਾਂ ਨੂੰ ਸੂਫ਼ੀ ਕਿਹਾ ਗਿਆ ਹੈ ਜੋ ਮੱਕੇ ਤੋਂ ਮਦੀਨੇ ਦੀ ਹਿਜ਼ਰਤ ਸਮੇਂ ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਮਸਜਿਦ ਵਿੱਚ ਪ੍ਰਮਾਤਮਾ ਦਾ ਨਾਮ ਲੈਂਦੇ ਸਨ। ਫਿਰ ਜਿਵੇਂ ਹਜ਼ਰਤ ਮੁਹੰਮਦ ਸਾਹਿਬ ਦੇ ਖਲੀਫ਼ੇ ਸਾਮ, ਈਰਾਨ ਅਤੇ ਈਰਾਕ ਉੱਤੇ ਕਾਬਜ਼ ਹੋਏ ਗਏ ਉੱਥੇ ਸੂਫ਼ੀ ਮਤ ਵੀ ਪੈਰ ਪਸਾਰਦਾ ਗਿਆ। ਇਉਂ ਖੁਰਾਸਾਨ, ਮਰਵ, ਈਰਾਕ ਤੇ ਬਗਦਾਦ ਇਸ ਦੇ ਮੁੱਖ ਕੇਂਦਰ ਬਣ ਗਏ। ਸੂਫ਼ੀ ਮਤ ਦਾ ਵਿਕਾਸ ਅੱਠਵੀਂ ਸਦੀ ਤੋਂ ਲੈ ਕੇ 15 ਵੀਂ ਸਦੀ ਵਿਚਕਾਰ ਸੱਤ-ਅੱਠ ਸੌ ਸਾਲਾਂ ਵਿੱਚ ਵੱਖਿ ਇਸਲਾਮੀ ਦੇਸ਼ਾਂ ਵਿੱਚ ਹੋਇਆ ਹੈ। ਪ੍ਰਸਿੱਧ ਵਿਦਵਾਨ ਬਾਂਕੇ ਬਿਹਾਰੀ ਆਪਣੀ ਪੁਸਤਕ Sufies, Mystics and Jogis of India ਵਿੱਚ ਲਿਖਦੇ ਹਨ ਕਿ ਸੂਫ਼ੀ ਮਤ ਦੀ ਨਿਸ਼ਚਿਤ ਜਨਮ ਤਾਰੀਖ਼ ਦੱਸਣੀ ਤਾਂ ਬਹੁਤ ਮੁਸ਼ਕਿਲ ਹੈ ਪਰ ਇਹ ਸੱਚ ਹੈ ਕਿ ਇਹ ਕੁਰਾਨ ਸ਼ਰੀਫ਼ ਦੀ ਸੰਪਾਦਨਾ ਤੋਂ ਪਹਿਲਾਂ ਹੋਂਦ ਵਿੱਚ ਆ ਚੁੱਕਾ ਸੀ।

ਖੁਰਾਸਾਨ ਸੂਫ਼ੀ ਮਤ ਦਾ ਮਹੱਤਵਪੂਰਨ ਕੇਂਦਰ ਰਿਹਾ ਹੈ। ਇਸ ਮੱਠ ਦੇ ਸੂਫ਼ੀ ਵਿਦਵਾਨਾਂ ਵਿਚੋਂ ਇਬਰਾਹੀਮ-ਬਿਨ ਆਦਮ, ਅਬੂ ਹਾਸ਼ਮ ਅਤੇ ਅਲ-ਹਸਨ ਬਸਰੀ ਦੇ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। **ਅਬੂ-ਹਾਸ਼ਮ** ਨੇ ਆਪਣੇ ਅਧਿਆਤਮਕ ਵਿਚਾਰਾਂ ਨੂੰ ਜਦੋਂ ਲੋਕਾਂ ਸਾਹਮਣੇ ਪੇਸ਼ ਕੀਤਾ ਤਾਂ ਲੋਕਾਂ ਨੇ ਉਸ ਨੂੰ '**ਸੂਫ਼ੀ**' ਕਿਹਾ। ਇਹ ਗੱਲ ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਤੋਂ 150 ਸਾਲ ਬਾਅਦ ਦੀ ਹੈ। ਮਰਵ ਕੇਂਦਰ ਦਾ ਪ੍ਰਸਿੱਧ ਸੂਫ਼ੀ ਵਿਦਵਾਨ **ਬਸ਼ਿਰ-ਬਿਨ ਹਰੀਥ ਉਲਹਾਫ਼ੀ** ਹੋਇਆ ਹੈ। ਉਸ ਦਾ ਵਿਚਾਰ ਸੀ ਕਿ ਧਾਰਮਿਕ ਜੀਵਨ ਦੀ ਰੂਹ ਲੋਕ ਉਸਤਤ-ਨਿੰਦਾ ਦੇ ਤਿਆਗ ਵਿੱਚ ਹੈ। ਇਸ ਵਿਚਾਰਧਾਰਾ ਵਿੱਚੋਂ ਹੀ 'ਮਲਾਮਤੀ' ਸੰਪਰਦਾਇ ਦਾ ਵਿਕਾਸ ਹੋਇਆ। ਇਸ ਮਲਾਮਤ ਨੂੰ ਆਧਾਰ ਬਣਾ ਕੇ ਪ੍ਰਮਾਤਮਾ ਦੀ

ਭਗਤੀ ਉੱਤੇ ਜ਼ੋਰ ਦਿੰਦੀ ਹੈ। **ਅਬਦੱਲਾ-ਬਿਨ-ਅਲ-ਮੁਬਾਰਕ** ਇਸੇ ਕੇਂਦਰ ਦਾ ਇਕ ਹੋਰ ਸੂਫ਼ੀ ਕਵੀ ਹੋਇਆ ਹੈ ਜਿਸ ਨੇ ਸੂਫ਼ੀ ਮਤ ਨੂੰ ਹਦੀਸਾਂ ਦੇ ਆਧਾਰ 'ਤੇ ਪ੍ਰਮਾਣਿਕ ਸਿੱਧ ਕੀਤਾ ਹੈ। ਈਰਾਕੀ ਕੇਂਦਰ ਦੇ ਵਿਚ **ਅਲ-ਫ਼ੁਜ਼ੈਲ-ਬਿਨ-ਅਲਫ਼ਜ਼ਾਦ** ਨੇ ਸੂਫ਼ੀ ਮਤ ਵਿੱਚ 'ਰਜ਼ਾ' (ਪ੍ਰਮਾਤਮਾ- ਦੀ ਇੱਛਾ) ਦਾ ਸੰਕਲਪ ਦ੍ਰਿੜਾਇਆ ਹੈ। **ਰਾਬਿਆ** ਇਸੇ ਕੇਂਦਰ ਦੀ ਇੱਕ ਹੋਰ ਇਸਤਰੀ-ਸੂਫ਼ੀ ਹੈ। ਸੂਫ਼ੀ ਮਤ ਵਿੱਚ ਇਸ਼ਕ (ਪ੍ਰੇਮ-ਭਗਤੀ) ਦਾ ਸੰਕਲਪ ਉਸ ਨੇ ਹੀ ਦ੍ਰਿੜਾਇਆ ਹੈ। ਜ਼ੁਲਨੂਨ ਮਿਸਰੀ ਨੇ ਸੂਫ਼ੀ ਸਾਹਿਤ ਵਿਚ ਸ਼ਿੰਗਾਰ ਰਸ ਦੇ ਅਲੰਕਾਰਾਂ ਨੂੰ ਪ੍ਰਚਲਿਤ ਕੀਤਾ। ਸੂਫ਼ੀ ਮਤ ਦਾ ਸਭ ਤੋਂ ਪ੍ਰਭਾਵਸ਼ਾਲੀ ਕੇਂਦਰ ਬਗਦਾਦ ਸੀ। ਇੱਥੋਂ ਦੇ **ਅਲ-ਹਰਸ-ਬਿਨ ਅਸਦਿਲ-ਮਹਾਸਿਬੀ** ਨੇ ਹੀ ਸੂਫ਼ੀ ਮਤ ਨੂੰ ਇਸਲਾਮ ਦੇ ਨਾਲ ਮੇਲਣ ਦਾ ਜਤਨ ਕੀਤਾ। **ਅਲ-ਜੁਨੈਦ ਬੱਗਦਾਦੀ** ਨੂੰ ਉਸ ਦੀ ਆਤਮਿਕ ਉੱਚਤਾ ਕਾਰਨ ਮਹਾਨ ਸੂਫ਼ੀ ਕਿਹਾ ਗਿਆ ਹੈ। ਇਸੇ ਤਰ੍ਹਾਂ **ਮੁਹੰਮਦ ਅਲ ਗ਼ਜ਼ਾਲੀ** ਨੇ ਵੀ ਇਹ ਸਿੱਧ ਕੀਤੀ ਕਿ ਸੂਫ਼ੀ ਮਤ ਇਸਲਾਮ ਦਾ ਵਿਰੋਧੀ ਨਹੀਂ ਸਗੋਂ ਅਨੁਸਾਰੀ ਹੈ।[7] ਡਾ. ਗੁਰਦੇਵ ਸਿੰਘ, ਡਾ. ਮੁਹੰਮਦ ਬਾਕਰ ਦੇ ਹਵਾਲੇ ਨਾਲ ਲਿਖਦੇ ਹਨ- "ਸੂਫ਼ੀ ਜਾਂ ਤਸੱਵੁਫ਼ ਦੇ ਕੋਈ ਕੋਸ਼ਗਤ ਅਰਥ ਨਹੀਂ, ਹੌਲੀਆਂ-ਹੌਲੀਆਂ ਸਦੀਆਂ ਵਿੱਚ ਸੂਫ਼ੀ ਤੇ ਤਸੱਵੁਫ਼ ਦੀ ਸ਼ਕਲ ਇਹ ਬਣ ਗਈ।[8] ਸੂਫ਼ੀ ਵਿਚਾਰਧਾਰਾ ਅਥਵਾ ਚਿੰਤਨ, ਸਮੁੱਚੇ ਰੂਪ ਵਿੱਚ ਇੱਕਦਮ ਹੋਂਦ ਵਿਚ ਨਹੀਂ ਆਇਆ ਸਗੋਂ ਸਮੇਂ-ਸਮੇਂ ਅਨੇਕਾਂ ਅਰਬੀ ਅਤੇ ਫ਼ਾਰਸੀ ਦੇ ਚਿੰਤਕਾਂ ਤੇ ਸੂਫ਼ੀ ਚਿੰਤਕਾਂ ਨੇ ਇਸ ਨੂੰ ਇੱਕ-ਵਿਸ਼ਿਸ਼ਟ ਰੂਪ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

## (ਸ) ਸੂਫ਼ੀਮਤ : ਸਿਧਾਂਤਕ ਪਰਿਪੇਖ

'ਸੂਫ਼ੀ ਮਤ' ਦੇ ਕੇਂਦਰੀ ਸ਼ਬਦ 'ਸੂਫ਼ੀ' ਦੀ ਉਤਪੱਤੀ 'ਸੂਫ਼' ਤੋਂ ਹੋਈ ਹੈ। 'ਸੂਫ਼' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ- 'ਉੱਨ'। ਹਜ਼ਰਤ ਮੁਹੰਮਦ ਦੇ ਸਮਕਾਲੀ ਸੂਫ਼ੀ ਲੋਕ ਉੱਨ ਦੇ ਕੱਪੜੇ ਪਹਿਨਦੇ ਸਨ। ਡਾ. ਪਿਆਰਾ ਸਿੰਘ ਭੋਗਲ ਅਨੁਸਾਰ,

"ਜਿਵੇਂ ਪੰਜਾਬ ਦੇ ਪਿੰਡਾਂ ਵਿੱਚ ਖੱਦਰ ਪਾਉਣਾ ਗ਼ਰੀਬੀ ਦੀ ਨਿਸ਼ਾਨੀ ਸੀ, ਇਉਂ ਹੀ ਅਰਬ ਵਿਚ, ਅਰਬ ਤੋਂ ਪਰ੍ਹੇ ਜਹਾਨ ਅਤੇ ਦੂਸਰੇ ਈਸਾਈ ਮੁਲਕਾਂ ਵਿੱਚ ਉੱਨ ਦਾ ਕੱਪੜਾ ਪਹਿਨਣਾ ਤਪ ਤਿਆਗ ਤੇ ਗ਼ਰੀਬੀ ਦੀ ਨਿਸ਼ਾਨੀ ਸੀ।"[10] ਦਰਅਸਲ ਜਿਹੜੇ ਲੋਕ ਸੰਸਾਰਕ ਐਸ਼-ਰਾਗਾਂ ਨੂੰ ਛੱਡ ਕੇ ਰੂਹਾਨੀ ਰਸਤੇ ਉੱਤੇ ਤੁਰ ਪੈਂਦੇ ਸਨ ਉਹ ਖਾਸ ਕੱਪੜੇ ਪਹਿਨ ਕੇ ਫ਼ਕੀਰ ਬਣ ਜਾਂਦੇ ਸਨ। ਅੱਜ ਵੀ ਦੂਸਰਿਆਂ ਨਾਲੋਂ ਆਪਣੇ ਵਿਰੋਧ ਨੂੰ ਪ੍ਰਗਟਾਉਣ ਲਈ 'ਖਾਸ ਚਿੰਨ੍ਹ' ਲਾਏ ਜਾਂਦੇ ਹਨ। ਕਈ ਵਿਦਵਾਨਾਂ ਨੇ ਸੂਫ਼ੀ ਮਤ ਨੂੰ ਇਸਲਾਮ ਦਾ ਵਿਰੋਧੀ ਦੱਸਿਆ ਹੈ। ਪਰ ਇਹ ਠੀਕ ਨਹੀਂ। ਸੂਫ਼ੀ ਮਤ, ਇਸਲਾਮ ਦੀ ਵਿਰੋਧਤਾ ਨਹੀਂ ਕਰਦਾ; ਸਗੋਂ ਸੂਫ਼ੀ ਮਤ ਤਾਂ ਬਿਲਕੁਲ ਹੀ ਸ਼ਰਈ ਸੀ। ਬਹੁਤ ਸਾਰੇ ਅਰਬੀ ਤੇ ਫ਼ਾਰਸੀ ਵਿਦਵਾਨਾਂ ਨੇ ਇਹੋ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸੂਫ਼ੀ ਮਤ ਇਸਲਾਮ ਅਧਾਰਿਤ ਹੈ, ਇਸਲਾਮ-ਵਿਰੋਧੀ ਨਹੀਂ। ਪੰਜਾਬੀ ਦੇ ਸਾਰੇ ਹੀ ਸੂਫ਼ੀ ਕਵੀ ਹਜ਼ਰਤ ਮੁਹੰਮਦ ਤੇ ਆਪਣੇ ਮੁਰਸ਼ਦ ਨੂੰ ਆਪਣੇ ਕਾਵਿ ਵਿੱਚ ਸ਼ਰਧਾ ਪੇਸ਼ ਕਰਦੇ ਹਨ। ਪਰ ਉਹ **ਸ਼ਰੀਅਤ** ਦੀ ਅਵਸਥਾ ਤੱਕ ਟਿਕੇ ਰਹਿਣ ਲਈ ਤਿਆਰ ਨਹੀਂ। ਇਕ ਸੂਫ਼ੀ ਸ਼ਰੀਅਤ ਤੋਂ ਅੱਗੇ **ਤਰੀਕਤ** (ਭਗਤੀ) **ਮਾਰਫ਼ਤ** ਤੇ **ਹਕੀਕਤ** ਦੀਆਂ ਮੰਜ਼ਿਲਾਂ ਤੈਅ ਕਰਦਾ ਹੋਇਆ **ਫ਼ਨਾਅ** ਤੇ **ਬਕਾਅ** ਦੀ ਅਵਸਥਾ ਤੱਕ ਪਹੁੰਚਣ ਦਾ ਖਾਹਿਸ਼ਮੰਦ ਹੁੰਦਾ ਹੈ। ਡਾ. ਗੁਰਦੇਵ ਸਿੰਘ ਅਨੁਸਾਰ "ਸੂਫ਼ੀਵਾਦ ਇਸਲਾਮ ਨਾਲ ਸੰਬੰਧਿਤ ਇਕ ਧਾਰਮਿਕ ਜੀਵਨ-ਜਾਚ ਹੈ ਜੋ ਬਾਹਰੀ ਦਿਖਾਵੇ ਵਿੱਚ ਵਿਸ਼ਵਾਸ ਨਹੀਂ ਰੱਖਦੀ ਬਲਕਿ ਅੰਦਰਲੇ, ਦਿਲ ਦੇ ਹਾਲ ਉੱਤੇ ਜ਼ੋਰ ਦਿੰਦੀ ਹੈ।"[11] ਪ੍ਰੋ. ਗੁਲਵੰਤ ਸਿੰਘ ਨੇ ਸੂਫ਼ੀਵਾਦ ਨੂੰ ਇਕ ਪ੍ਰਵਿਰਤੀ ਵਜੋਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਜੋ ਹਰੇਕ ਵਿੱਚ ਉਸ ਸਮੇਂ ਪੈਦਾ ਹੋ ਸਕਦੀ ਹੈ ਜਦੋਂ ਕਿਸੇ 'ਪ੍ਰਾਕਿਰਤਕ ਧਰਮ' ਨੂੰ 'ਸੰਸਥਾਗਤ ਰੂਪ' ਦਿੱਤਾ ਜਾਂਦਾ ਹੈ।[12] ਇਸਲਾਮ ਵੀ ਅਜਿਹਾ ਹੀ ਧਰਮ ਸੀ ਜਿਸ ਨੂੰ ਮੁੱਲਾਣਿਆਂ, ਕਾਜ਼ੀਆਂ, ਹਾਜੀਆਂ ਅਤੇ ਧਨੀ-ਮਾਨੀ ਨੇ ਜਦੋਂ ਸੰਸਥਾਗਤ ਅਤੇ ਕੱਟੜ ਰੂਪ ਦੇਣਾ ਸ਼ੁਰੂ ਕੀਤਾ ਤਾਂ ਸੂਫ਼ੀ ਮਤ ਪੈਦਾ ਹੋਇਆ। ਡਾ. ਪਿਆਰਾ ਸਿੰਘ ਭੋਗਲ ਅਨੁਸਾਰ ਇਹ ਸਾਬਤੀ ਹਜ਼ਰਤ ਮੁਹੰਮਦ ਤੋਂ ਬਾਅਦ

ਖਲੀਫ਼ਿਆਂ ਦੇ ਸਮੇਂ ਹੀ ਪੈਦਾ ਹੋ ਗਈ ਸੀ। ਉਹ ਲਿਖਦੇ ਹਨ- "ਹਜ਼ਰਤ ਮੁਹੰਮਦ ਤੋਂ ਬਾਅਦ ਖਲੀਫ਼ਿਆਂ ਦੇ ਜ਼ਮਾਨੇ ਵਿੱਚ ਇਸਲਾਮ ਨੂੰ ਮੰਨਣ ਵਾਲਿਆਂ, ਖ਼ਾਸ ਤੌਰ 'ਤੇ ਧਨੀ-ਸ਼੍ਰੇਣੀ ਵਿੱਚ ਪਦਾਰਥਕ ਜੀਵਨ ਹਰ ਕੀਮਤ ਉੱਤੇ ਮਾਨਣ ਦੀ ਇੱਛਾ ਪੈਦਾ ਹੋ ਗਈ ਤੇ ਉਹ ਐਸ਼ਵਰਜ਼ ਦੇ ਸ਼ੌਕੀਨ ਹੋ ਗਏ। ਇਸਲਾਮ ਇੱਕ ਦਿਖਾਵੇ ਦੀ ਰਹੁ-ਰੀਤੀ ਬਣ ਕੇ ਰਹਿ ਗਿਆ।"[13] ਇਉਂ ਸੂਫ਼ੀ ਮਤ ਇਸਲਾਮ ਦੇ ਵਿਕਾਸ ਦਾ ਅਗਲਾ ਪੜਾਅ ਹੈ। ਪੰਜਾਬੀ ਸੂਫ਼ੀ ਕਵੀਆਂ ਨੇ **ਸੱਚਾ ਰੋਜ਼ਾ, ਸੱਚਾ ਹੱਜ** (ਫ਼ਰੀਦ ਸਾਨੀ) **ਦਿਲ ਦਾ ਕਲਮਾ** (ਸੁਲਤਾਨ ਬਾਹੂ) **ਇਸ਼ਕ ਦੇ ਕਾਜ਼ੀ** (ਹਾਸ਼ਮ) ਆਦਿ ਸੰਕਲਪਾਂ ਦੀ ਸਥਾਪਨਾ ਕੀਤੀ ਹੈ। ਇਹ ਸਾਰੇ ਇਸਲਾਮ ਉੱਤੇ ਹੀ ਆਧਾਰਿਤ ਹਨ। ਪੰਜਾਬੀ ਸੂਫ਼ੀ ਕਵੀਆਂ ਨੇ ਹੱਜ ਵੇਚ ਕੇ ਆ ਜਾਣ ਵਾਲੇ ਹਾਜੀਆਂ, ਸ਼ਰਾਅ ਅਤੇ ਮੁਹੰਮਦ ਨੂੰ ਨਾ ਮੰਨਣ ਵਾਲੀ ਖ਼ਲਕਤ, ਬਾਹਰੋਂ ਕਲਮਾ ਪੜ੍ਹਨ ਤੇ ਨਮਾਜ਼ ਅਦਾ ਕਰਨ ਵਾਲੇ ਲੋਕਾਂ, ਗਿਆਨ ਵਿਹੂਣੇ ਮੱਲਾਣਿਆਂ (ਬੁੱਲ੍ਹੇ ਸ਼ਾਹ), ਡੰਗਰਾਂ ਵਾਂਗ ਨਮਾਜ਼ ਪੜ੍ਹਨ ਵਾਲੇ ਲੋਕਾਂ, ਪਗੜੀਆਂ ਹੱਥ ਪਾਣ ਵਾਲੇ ਲੋਕਾਂ (ਫਰਦ ਫ਼ਕੀਰ) ਨਿੰਦਿਆਂ, ਚੁਗਲੀ, ਠੱਗੀ ਕਰਨ ਵਾਲੇ ਲੋਕਾਂ, ਬਾਹਰੋਂ ਹੋਰ ਤੇ ਅੰਦਰੋਂ ਹੋਰ ਹੋਣ ਵਾਲੇ ਸ਼ੇਖਾਂ (ਸ਼ਾਹ ਹੁਸੈਨ) ਧਰਮ ਨੂੰ ਦੁਕਾਨ ਬਣਾਈ ਬੈਠੇ ਧਾਰਮਿਕ ਆਗੂਆਂ ਦੀ ਆਪਣੀ ਕਵਿਤਾ ਵਿੱਚ ਚੰਗੀ ਖ਼ਬਰ ਲਈ ਹੈ। ਸੂਫ਼ੀ ਮਤ ਦਾ ਇਸਲਾਮ ਨਾਲ ਸ਼ਰੀਅਤ ਨਾਲ ਵਿਰੋਧ ਹੈ ਅਤੇ ਉਹ ਵੀ ਸਿਰਫ਼ 'ਬਾਹਰ ਅਤੇ ਅੰਦਰ' ਦਾ। ਪੰਜਾਬੀ ਦੇ ਸੂਫ਼ੀ ਕਵੀਆਂ ਦੇ ਕਲਾਮ ਵਿੱਚੋਂ ਕੁਝ ਉਦਾਹਰਨਾਂ ਵੇਖੋ:-

(ੳ) ਅੰਦਰ ਕਰ ਤੂੰ ਬੰਦਗੀ, **ਬਾਹਰ** ਪਰਦਾ ਪਾ।

(ਅ) **ਬਾਹਰ** ਹੈ ਜੋਤੀ ਸਰੂਪ **ਅੰਦਰ**, ਜਿਸਦੇ ਵਿੱਚ ਤੇਰੇ ਹਰੀ ਲਾਏ ਡੇਰੇ

**(ਗ਼ੁਲਾਮ ਜੀਲਾਨੀ ਰੋਹਤਕੀ)**

(ੲ) **ਬਾਹਰ** ਪਾਕ ਅੰਦਰ ਆਲੂਦਾ
ਕਿਆ ਤੂੰ ਸ਼ੇਖ਼ ਕਹਾਵੇਂ। (ਸ਼ਾਹ ਹੁਸੈਨ)

(ਸ) ਮੂੰਹੋਂ ਤੌਬਾ ਦਿਲੋਂ ਨਾ ਕਰਦਾ
ਨਾਹੀ ਖੌਫ਼ ਖੁਦਾ ਦਾ ਕਰਦਾ (**ਬੁੱਲ੍ਹੇ ਸ਼ਾਹ**)

(ਹ) 'ਮੱਕੇ' ਤੀ ਰੱਬ ਸਚਮੁੱਚ ਹੈਗਾ
ਪਰ ਦੇਖਣ ਕੋਈ ਨਾ ਜਾਂਦਾ। (ਸਾਈਂ ਫੱਤੂ ਸ਼ਾਹ)

ਸੂਫ਼ੀ ਫ਼ਕੀਰ ਹਮੇਸ਼ਾ 'ਅੰਦਰ' ਦੀ ਗੱਲ ਕਰਦੇ ਹਨ (ਮੇਰੀ ਬੁੱਕਲ ਦੇ ਵਿਚ ਚੋਰ) ਪਰ ਸ਼ਰਾਅ ਦੇ ਕਰਮ-ਕਾਂਡ ਤੇ ਇਸਲਾਮ ਦੀ ਰਹਿਤ ਮਰਿਆਦਾ, ਬਾਹਰ-ਵੇਦਰਿਤ ਹੈ। ਇਸ ਕਰਕੇ ਸੂਫ਼ੀ ਸੰਤ ਆਪਣੇ 'ਰਾਂਝੇ' ਦੀ ਪ੍ਰਾਪਤੀ ਲਈ 'ਇਸ਼ਕ' ਦਾ ਰਾਹ ਅਖਤਿਆਰ ਕਰਦੇ ਹਨ। ਇਸ ਇਸ਼ਕ ਦੀ ਬਾਹਰ ਨਵੀਂ ਹੀ ਹੈ-

(ੳ) ਧਰਮਸਾਲ ਧੜਵਈ ਵਸਦੇ, ਠਾਕਰ-ਦੁਆਰੇ ਠੱਗ,
ਵਿੱਚ ਮਸੀਤੀਂ ਰਹਿਣ ਕੁਸੱਤੀਏ ਆਸ਼ਕ ਰਹਿਣ ਅਲੱਗ।
(ਬੁੱਲ੍ਹੇ ਸ਼ਾਹ)

(ਅ) ਸ਼ਹਿਰਾਂ ਦੇ ਦਰਵਾਜ਼ੇ ਉੱਚੇ, ਰਾਹ ਰੱਬਾਨਾ ਮੋਰੀ ਹੂ।
ਪੰਡਤਾਂ ਤੇ ਮੁਲਾਣਿਆਂ ਕੋਲੋਂ, ਛਿਪੀਏ ਚੋਰੀ ਚੋਰੀ ਹੂ।
(ਸੁਲਤਾਨ ਬਾਹੂ)